BRAMPTON Flower City
brampton.ca

Service and Information Update

17 ਅਪ੍ਰੈਲ, 2018

# ਮੌਸਮ ਸਬੰਧੀ ਘਟਨਾ ਦੇ ਦੌਰਾਨ ਸਿਟੀ ਆਫ ਬ੍ਰੈਂਪਟਨ ਦੇ ਕੰਮਾਂ ਬਾਰੇ ਅੱਪਡੇਟ

ਬ੍ਰੈਂਪਟਨ, ਓਨਟੈਰੀਓ: ਇਸ ਪਿਛਲੇ ਵੀਕੈਂਡ ਬ੍ਰੈਂਪਟਨ ਸਮੇਤ, ਦੱਖਣੀ ਓਨਟੈਰੀਓ ਦੇ ਜ਼ਿਆਦਾਤਰ ਹਿੱਸੇ ਵਿੱਚ ਬਸੰਤ ਰੁੱਤ ਵਿੱਚ ਅਨੋਖਾ ਤੂਫ਼ਾਨ ਦੇਖਿਆ ਗਿਆ। ਬਰਫ਼ ਵਾਲੇ ਮੀਂਹ, ਬਰਫ਼ ਦੇ ਗੜੇ, ਵਰਖਾ ਅਤੇ ਬਰਫ਼ਬਾਰੀ ਅਤੇ ਵਰਖਾ ਦਾ ਸੁਮੇਲ ਬ੍ਰੈਂਪਟਨ ਵਿੱਚ ਸਿਟੀ ਦੇ ਕਾਰਜ ਦਲ ਅਤੇ ਨਿਵਾਸੀਆਂ ਲਈ ਚੁਣੌਤੀ ਰਿਹਾ ਹੈ।

ਅੱਜ (ਮੰਗਲਵਾਰ) ਬਾਅਦ ਵਿੱਚ, ਬਰਫ਼ ਅਤੇ ਆਈਸ ਵਾਲੀਆਂ ਸਤ੍ਹਾਵਾਂ ਨੂੰ ਪਿਘਲਣ ਵਿੱਚ ਮਦਦ ਲਈ ਰਿਹਾਇਸ਼ੀ ਗਲੀਆਂ ਵਿੱਚ ਨਮਕ ਵਿਛਾਇਆ ਜਾਏਗਾ। ਕੱਲ੍ਹ ਤੱਕ ਸਾਰੀਆਂ ਸੜਕਾਂ 'ਤੇ ਨਮਕ ਵਿਛਾਏ ਜਾਣ ਦੀ ਸੰਭਾਵਨਾ ਹੈ।

ਸਿਟੀ ਨੇ ਕੁਝ ਪਗਡੰਡੀ ਟ੍ਰੈਕਟਰਾਂ ਨੂੰ ਵੀ ਸੁਰੱਖਿਅਤ ਰੱਖ ਲਿਆ ਹੈ ਅਤੇ ਉਹਨਾਂ ਦੇ ਆਉਣ ਦੀ ਉਡੀਕ ਕਰ ਰਹੀ ਹੈ, ਤਾਂ ਜੋ ਉਹਨਾਂ ਨੂੰ ਤੈਅ ਕੀਤੇ ਸਥਾਨਾਂ ਵਿੱਚ ਤੁਰੰਤ ਲਗਾਇਆ ਜਾ ਸਕੇ।

ਕਈ ਨਿਵਾਸੀ ਪੁੱਛ ਰਹੇ ਹਨ ਕਿ ਸਿਟੀ ਨੇ ਰਿਹਾਇਸ਼ੀ ਗਲੀਆਂ ਵਿੱਚੋਂ ਬਰਫ਼ ਕਿਉਂ ਨਹੀਂ ਹਟਾਈ। ਇਸਦੇ ਦੋ ਕਾਰਨ ਹਨ:

- ਸੋਮਵਾਰ ਨੂੰ ਐਨਵਾਇਰਨਮੈਂਟ ਕੈਨੇਡਾ (Environment Canada) ਵੱਲੋਂ ਜਾਰੀ ਕੀਤੀ ਵਰਖਾ ਦੀ ਚਿਤਾਵਨੀ ਅਤੇ ਸਾਡੀ ਸਥਾਨਕ ਨਿਗਰਾਨੀ ਅਥਾੱਰਿਟੀਜ ਵੱਲੋਂ ਜਾਰੀ ਕੀਤੀ ਹੜ੍ਹ ਦੀ ਚਿਤਾਵਨੀ ਦੇ ਨਾਲ, ਇਹ ਨਿਰਧਾਰਤ ਕੀਤਾ ਗਿਆ ਸੀ ਕਿ ਰਿਹਾਇਸ਼ੀ ਗਲੀਆਂ ਵਿੱਚੋਂ ਬਰਫ਼ ਹਟਾਉਣ ਨਾਲ ਆਈਸ ਅਤੇ ਬਰਫ਼ ਕੈਚ ਬੇਸਿਨਸ (ਹੌਜਾਂ) ਨੂੰ ਬਲੌਕ ਕਰ ਸਕਦੀ ਸੀ, ਜਿਸ ਨਾਲ ਹੜ੍ਹ ਦਾ ਜੋਖਮ ਵਧ ਸਕਦਾ ਸੀ।
- ਜ਼ਿਆਦਾਤਰ ਮਿਊਨਿਸਿਪਲਟੀਜ ਵਾਂਗ, ਬ੍ਰੈਂਪਟਨ ਦੇ ਜ਼ਿਆਦਾਤਰ ਸਰਦੀ ਦੇ ਕੰਮ ਠੇਕੇ ਨਾਲ ਕੀਤੇ ਜਾਂਦੇ ਹਨ। ਜਦੋਂ ਉਹ ਠੇਕਾ ਮਾਰਚ ਦੇ ਅੰਤ ਵਿੱਚ ਖ਼ਤਮ ਹੋ ਜਾਂਦਾ ਹੈ, ਤਾਂ ਜ਼ਿਆਦਾਤਰ ਠੇਕੇਦਾਰ ਆਪਣੇ ਉਪਕਰਨ ਅਤੇ ਓਪਰੇਟਰਾਂ ਨੂੰ ਉਸਾਰੀ ਸੀਜਨ ਲਈ ਲਗਾ ਦਿੰਦੇ ਹਨ।
- ਇਸ ਤੂਫ਼ਾਨ ਦੇ ਪੁਰਾਣੇ ਪ੍ਰਕਾਰ ਨੂੰ ਦੇਖਦੇ ਹੋਏ – ਅਤੇ ਇਸ ਗੱਲ 'ਤੇ ਧਿਆਨ ਦਿੰਦੇ ਹੋਏ ਕਿ ਬਰਫ਼ ਨੂੰ ਹਟਾਉਣ ਦੇ ਕੰਮ ਵਿੱਚ ਸਿਰਫ਼ ਨਮਕ ਵਿਛਾਉਣ ਦੇ ਮੁਕਾਬਲੇ ਲਗਭਗ ਤਿੰਨ ਘੰਟੇ ਵੱਧ ਲੱਗਦੇ ਹਨ – ਕਾਰਜ ਦਲਾਂ ਨੂੰ ਕਾਰਜਨੀਤੀ ਦੇ ਮੁਤਾਬਕ ਕੰਮ ਕਰਨਾ ਪਿਆ। ਵੀਕੈਂਡ ਨੂੰ, ਬਰਫ਼ ਹਟਾਉਣ ਅਤੇ ਮੁੱਖ ਸੜਕਾਂ 'ਤੇ ਨਮਕ ਵਿਛਾਉਣ ਦਾ ਕੰਮ ਕਰਨਾ ਸੀ। ਸੋਮਵਾਰ ਨੂੰ, ਜਿਵੇਂ ਹੀ ਤਾਪਮਾਨ ਵਧਣਾ ਸ਼ੁਰੂ ਹੋਇਆ, ਹੜ੍ਹ ਦੀ ਰੋਕਥਾਮ 'ਤੇ ਵੀ ਧਿਆਨ ਕੇਂਦਰਿਤ ਕਰਨਾ ਸ਼ੁਰੂ ਕਰਦੇ ਹੋਏ, ਮੁੱਖ ਸੜਕਾਂ ਨੂੰ ਸਾਫ਼ ਕਰਨਾ ਜਾਰੀ ਰੱਖਣਾ ਪਿਆ ਸੀ।

ਸਿਟੀ ਦੇ ਕਾਰਜ ਦਲ ਨੇ ਪਹਿਲਾਂ ਹੀ ਤੂਫ਼ਾਨ ਨਾਲ ਨਿਪਟਣ ਲਈ ਤਿਆਰੀਆਂ ਕੀਤੀਆਂ ਸਨ, ਜਿਹਨਾਂ ਵਿੱਚ ਸ਼ਾਮਲ ਹਨ:

- ਐਨਵਾਇਰਨਮੈਂਟ ਕੈਨੇਡਾ (Environment Canada) ਦੀਆਂ ਭਵਿੱਖਬਾਣੀਆਂ ਦਾ ਨਿਰੀਖਣ ਕਰਨਾ
- ਇਹ ਨਿਰਧਾਰਤ ਕਰਨ ਲਈ ਮਿਆਦ ਪੁੱਗੇ ਠੇਕੇਦਾਰਾਂ ਨੂੰ ਸੰਪਰਕ ਕਰਨਾ ਕਿ ਉਹ ਕਿਹੜੇ ਵਸੀਲੇ ਮੁਹੱਈਆ ਕਰ ਸਕਦੇ ਹਨ; ਅਫ਼ਸੋਸ ਨਾਲ, ਵਾਧੂ ਸੇਵਾਵਾਂ ਵਾਲੇ 50 ਪ੍ਰਤੀਸ਼ਤ ਤੋਂ ਘੱਟ ਉਪਲਬਧ ਸਨ
- ਇਹ ਯਕੀਨੀ ਬਣਾਉਣਾ ਕਿ ਉਚਿਤ ਮਾਤਰਾ ਵਿੱਚ ਨਮਕ ਸਮੱਗਰੀ ਸਟੋਰ ਕਰਕੇ ਰੱਖੀ ਗਈ ਸੀ
- ਉਪਲਬਧ ਵਸੀਲਿਆਂ ਦੇ ਆਧਾਰ 'ਤੇ ਇੱਕ ਕਾਰਵਾਈ ਯੋਜਨਾ ਵਿਕਸਿਤ ਕਰਨਾ।

ਸਿਟੀ ਆਫ ਬ੍ਰੈਂਪਟਨ ਇਹਨਾਂ ਕੰਮਾਂ ਦੇ ਸੰਚਾਲਨ ਵੇਲੇ ਨਿਵਾਸੀਆਂ ਦੇ ਸਹਿਯੋਗ ਲਈ ਉਹਨਾਂ ਦਾ ਧੰਨਵਾਦ ਕਰਦੀ ਹੈ। ਕਾਰਜ ਦਲ ਲਗਾਤਾਰ ਮੌਸਮ ਸਬੰਧੀ ਪੂਰਵ ਅਨੁਮਾਨਾਂ ਅਤੇ ਸੜਕ ਦੀਆਂ ਸਥਿਤੀਆਂ ਦਾ ਨਿਰੀਖਣ ਕਰਦੇ ਰਹਿਣਗੇ।

ਜਾਰੀ ਅੱਪਡੇਟਾਂ ਲਈ, ਕਿਰਪਾ ਕਰਕੇ ਸਿਟੀ ਆਫ ਬ੍ਰੈਂਪਟਨ ਨੂੰ Twitter ਅਤੇ Facebook, ਅਤੇ www.brampton.ca/snow ‘ਤੇ ਫਾਲੋ ਕਰੋ। ਜੇਕਰ ਤੁਸੀਂ 311 ‘ਤੇ ਫੋਨ ਕਰਨ ਦੀ ਕੋਸ਼ਿਸ਼ ਕਰ ਰਹੇ ਹੋ, ਤਾਂ ਤੁਹਾਨੂੰ ਪਤਾ ਹੋਵੇਗਾ ਕਿ ਉਹਨਾਂ ਕੋਲ ਇਸ ਵੇਲੇ ਬਹੁਤ ਸਾਰੀਆਂ ਕਾਲਾਂ ਆ ਰਹੀਆਂ ਹਨ ਅਤੇ ਉਡੀਕ ਸਮਾਂ ਪਹਿਲਾਂ ਤੋਂ ਵਧ ਗਿਆ ਹੈ। ਇੱਕ ਸੇਵਾ ਬੇਨਤੀ ਪ੍ਰਸਤੁਤ ਕਰਨ ਲਈ, ਤੁਸੀਂ 311@brampton.ca ‘ਤੇ ਈਮੇਲ ਵੀ ਕਰ ਸਕਦੇ ਹੋ ਜਾਂ service.brampton.ca/service-requests/report-snow-issues ‘ਤੇ ਔਨਲਾਈਨ ਫਾਰਮ ਵੀ ਭਰ ਸਕਦੇ ਹੋ।

-30-

**ਮੀਡੀਆ ਸੰਪਰਕ:**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca